ਦਫਤਰ ਕਾਰਜਕਾਰੀ ਇੰਜੀਨੀਅਰ, ਪ੍ਰਾਂਤਕ ਮੰਡਲ ਨੰ. 2, ਲੋ.ਨਿ.ਵਿ., ਭ ਤੇ ਮ ਸ਼ਾਖਾ, ਪਟਿਆਲਾ,
ਚੌਥੀ ਮੰਜਿਲ, ਬਲਾਕ-ਸੀ, ਮਿਨੀ ਸਕੱਤਰੇਤ, ਪਟਿਆਲਾ।
**Email id : eepd2ptapwdpb@gmail.com Tel. No. 0175-5192970**

ਵੱਲ

Principal,
AAR Jain Model Sr. Sec. School,
W. No.12, Mohalla Rauni,
Derabassi, Distt. SAS Nagar.

ਮੀਮੋ ਨੰ. 480 ਮਿਤੀ. 24.04.24

ਵਿਸ਼ਾ:- ਸਕੂਲ ਬਿਲਡਿੰਗ ਸੇਫਟੀ ਸਰਟੀਫਿਕੇਟ ਜਾਰੀ ਕਰਨ ਬਾਰੇ।

ਉਪਰੋਕਤ ਵਿਸ਼ੇ ਸਬੰਧੀ ਸਕੂਲ ਦਾ ਨਿਰੀਖਣ ਉਪ ਮੰਡਲ ਇੰਜੀਨੀਅਰ, ਪ੍ਰਾਂਤਕ ਉਪ ਮੰਡਲ, ਲੋ.ਨਿ.ਵਿ., ਭ ਤੇ ਮ ਸ਼ਾਖਾ, ਮੁਬਾਰਕਪੁਰ ਵੱਲੋਂ ਕੀਤਾ ਗਿਆ। ਉਨ੍ਹਾਂ ਦੀ ਰਿਪੋਰਟ ਅਨੁਸਾਰ ਸਕੂਲ ਬਿਲਡਿੰਗ ਵੇਖਣ ਵਿੱਚ ਸੁਰੱਖਿਅਤ ਜਾਪਦੀ ਹੈ ਅਤੇ ਆਮ ਵਰਤੋਂ ਲਈ ਦਰੁੱਸਤ ਹੈ। ਇਸ ਇਮਾਰਤ ਦਾ ਕਵਰਡ ਏਰੀਆ 10,000 ਵ.ਫੁ. ਤੋਂ 50000 ਦੇ ਵਿਚਕਾਰ ਹੈ ਅਤੇ ਇਹ ਇਮਾਰਤ ਬਰਿੱਕ ਮੈਸਨਰੀ ਸਟਰੱਕਚਰ ਦੀ ਬਣੀ ਹੋਈ ਹੈ। ਉਪ ਮੰਡਲ ਇੰਜੀਨੀਅਰ ਵਲੋਂ ਸੇਫਟੀ ਸਰਟੀਫਿਕੇਟ ਪੰਜ ਸਾਲ ਤੱਕ ਜਾਰੀ ਕਰਨ ਦੀ ਸਿਫਾਰਿਸ਼ ਕੀਤੀ ਗਈ ਹੈ। ਆਪ ਵੱਲੋਂ ਬਣਦੀ ਫੀਸ ਉਪ ਮੰਡਲ ਇੰਜੀਨੀਅਰ, ਪ੍ਰਾਂਤਕ ਉਪ ਮੰਡਲ, ਭ. ਤੇ ਮ. ਸ਼ਾਖਾ, ਮੁਬਾਰਕਪੁਰ ਦੇ ਜੀ.ਆਰ.ਨੰ.3909338 ਮਿਤੀ 10.04.2024 ਰਾਹੀਂ ਬਾਬਤ ਰਕਮ 50,000/- ਰੁ. ਜਮ੍ਹਾਂ ਕਰਵਾ ਦਿੱਤੀ ਗਈ ਹੈ।

ਇਸ ਲਈ ਇਹ ਸੇਫਟੀ ਸਰਟੀਫਿਕੇਟ ਆਪ ਨੂੰ ਪੱਤਰ ਜਾਰੀ ਹੋਣ ਦੀ ਮਿਤੀ ਤੋਂ ਮਿਤੀ 31.03.2029 ਤੱਕ (ਪੰਜ ਸਾਲ ਲਈ) ਹੇਠ ਲਿਖੀਆਂ ਸ਼ਰਤਾਂ ਤੇ ਜਾਰੀ ਕੀਤਾ ਜਾਂਦਾ ਹੈ:-

1.) ਜੇ ਸਕੂਲ ਦੀ ਇਮਾਰਤ ਵਿੱਚ ਕਿਸੇ ਕਿਸਮ ਦੀ ਤਬਦੀਲੀ ਕੀਤੀ ਜਾਂਦੀ ਹੈ ਤਾਂ ਇਹ ਕੰਮ ਕਿਸੇ ਯੋਗ ਇੰਜੀਨੀਅਰ ਦੀ ਦੇਖ ਰੇਖ ਵਿੱਚ ਕਰਵਾਇਆ ਜਾਵੇ ਤੇ ਕੰਮ ਮੁਕੰਮਲ ਹੋਣ ਉਪਰੰਤ ਸਬੰਧਤ ਅਧਿਕਾਰੀ ਤੋਂ ਇਸ ਦਾ ਸਰਟੀਫਿਕੇਟ ਲਿਆ ਜਾਵੇ।

2.) ਜੇ ਬਿਲਡਿੰਗ ਹੜ੍ਹਾਂ ਜਾਂ ਕਿਸੇ ਹੋਰ ਕੁਦਰਤੀ ਆਫਤਾਂ ਤੋਂ ਪ੍ਰਭਾਵਿਤ ਹੁੰਦੀ ਹੈ ਤਾਂ ਤੁਰੰਤ ਹੀ ਇਸ ਨੂੰ ਵਿਭਾਗ ਤੋਂ ਦੁਬਾਰਾ ਚੈੱਕ ਕਰਵਾਇਆ ਜਾਵੇ।

3.) ਫਾਇਰ ਸੇਫਟੀ ਸਰਟੀਫਿਕੇਟ ਨਵੀਕਰਨ ਦੀ ਨਿਰੋਲ ਜਿੰਮੇਵਾਰੀ ਬਿਨੈਕਾਰ ਦੀ ਹੋਵੇਗੀ ਨਹੀਂ ਤਾਂ ਤੁਰੰਤ ਸਮੇਂ ਤੋਂ ਇਹ ਬਿਲਡਿੰਗ ਸੇਫਟੀ ਸਰਟੀਫਿਕੇਟ ਰੱਦ ਸਮਝਿਆ ਜਾਵੇਗਾ। ਫਾਇਰ ਸਟੇਸ਼ਨ ਅਫਸਰ ਦੀਆਂ ਸ਼ਰਤਾਂ ਮੁਤਾਬਕ ਅੱਗ ਬੁਝਾਊ ਯੰਤਰ ਤਸੱਲੀਬਖਸ਼ ਹੋਣੇ ਚਾਹੀਦੇ ਹਨ ਅਤੇ ਕਰਮਚਾਰੀ ਅੱਗ ਬੁਝਾਉਣ ਸਬੰਧੀ ਟਰੇਂਡ ਹੋਣੇ ਚਾਹੀਦੇ ਹਨ, ਇਸ ਨੂੰ ਯਕੀਨੀ ਬਣਾਇਆ ਜਾਵੇ।

ਕਾਰਜਕਾਰੀ ਇੰਜੀਨੀਅਰ,
ਪ੍ਰਾਂਤਕ ਮੰਡਲ ਨੰ. 2, ਲੋ.ਨਿ.ਵਿ.,
ਭ ਤੇ ਮ ਸ਼ਾਖਾ, ਪਟਿਆਲਾ।

ਪਿੱਠ ਅੰਕਣ ਨੰ. ਮਿਤੀ.

ਉਪਰੋਕਤ ਦਾ ਉਤਾਰਾ ਉਪ ਮੰਡਲ ਇੰਜੀਨੀਅਰ, ਪ੍ਰਾਂਤਕ ਉਪ ਮੰਡਲ, ਲੋ.ਨਿ.ਵਿ., ਭ ਤੇ ਮ ਸ਼ਾਖਾ, ਮੁਬਾਰਕਪੁਰ ਨੂੰ ਉਨ੍ਹਾਂ ਦੇ ਪੱਤਰ ਨੰ.20 ਮਿਤੀ 15.04.2024 ਦੇ ਹਵਾਲੇ ਵਿੱਚ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਕਾਰਜਕਾਰੀ ਇੰਜੀਨੀਅਰ,
ਪ੍ਰਾਂਤਕ ਮੰਡਲ ਨੰ. 2, ਲੋ.ਨਿ.ਵਿ.,
ਭ ਤੇ ਮ ਸ਼ਾਖਾ, ਪਟਿਆਲਾ।

Scanned with OKEN Scanner